# ਪੰਜਾਬ ਵਿਧਾਨ ਸਭਾ

## ਬਿਲ ਨੰ. 8-ਪੀ.ਐਲ.ਏ.-2023

## ਦਿ ਸੈਲਰੀਜ਼ ਐਂਡ ਅਲਾਉਸਿਜ਼ ਆਫ ਚੀਫ ਵ੍ਹਿਪ ਇੰਨ ਪੰਜਾਬ ਲੈਜਿਸਲੇਟਿਵ ਅਸੈਂਬਲੀ ਬਿਲ, 2023

ਇਕ

ਬਿਲ

ਪੰਜਾਬ ਵਿਧਾਨ ਸਭਾ ਵਿੱਚ ਚੀਫ ਵ੍ਹਿੱਪ ਨੂੰ ਤਨਖਾਹਾਂ ਅਤੇ ਭੱਤੇ ਮੁਹੱਈਆ ਕਰਵਾਉਣ ਲਈ।

ਇਸ ਨੂੰ ਪੰਜਾਬ ਰਾਜ ਦੀ ਵਿਧਾਨ ਸਭਾ ਦੁਆਰਾ ਭਾਰਤ ਦੇ ਗਣਤੰਤਰ ਦੇ ਚੌਹੱਤਰਵੇਂ ਸਾਲ ਵਿੱਚ ਹੇਠ ਅਨੁਸਾਰ ਲਾਗੂ ਕੀਤਾ ਜਾਂਦਾ ਹੈ:-

ਸੰਖੇਪ ਸਿਰਲੇਖ ਅਤੇ ਅਰੰਭ

1. (1) ਇਸ ਐਕਟ ਨੂੰ ਦਿ ਸੈਲਰੀਜ਼ ਐਂਡ ਅਲਾਉਸਿਜ਼ ਆਫ ਚੀਫ ਵ੍ਹਿਪ ਇੰਨ ਪੰਜਾਬ ਲੈਜਿਸਲੇਟਿਵ ਅਸੈਂਬਲੀ ਐਕਟ, 2023 ਕਿਹਾ ਜਾਵੇਗਾ।

(2) ਇਹ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਿਤ ਹੋਣ ਦੀ ਮਿਤੀ ਤੋਂ ਲਾਗੂ ਹੋਵੇਗਾ।

ਪਰਿਭਾਸ਼ਾਵਾਂ

2. ਇਸ ਐਕਟ ਵਿੱਚ, ਜਦੋਂ ਤੱਕ ਕਿ ਵਿਸ਼ੇ ਅਤੇ ਪ੍ਰਸੰਗ ਵਿੱਚ ਕੁਝ ਅਸੰਗਤ ਨਾ ਹੋਵੇ.-

(ਏ) "ਲੈਜਿਸਲੇਟਿਵ ਅਸੈਂਬਲੀ" ਤੋਂ ਭਾਵ ਹੈ ਪੰਜਾਬ ਵਿਧਾਨ ਸਭਾ;

(ਬੀ) "ਚੀਫ ਵ੍ਹਿਪ" ਤੋਂ ਭਾਵ ਹੈ ਵਿਧਾਨ ਸਭਾ ਦਾ ਉਹ ਮੈਂਬਰ, ਜਿਸ ਨੂੰ, ਮੌਜੂਦਾ ਸਮੇਂ ਲਈ, ਬਹੁਮਤ ਵਾਲੀ ਪਾਰਟੀ ਵੱਲੋਂ, ਪੰਜਾਬ ਵਿਧਾਨ ਸਭਾ ਵਿੱਚ ਸਰਕਾਰ ਬਣਾਉਣ ਵਾਲੀ ਪਾਰਟੀ ਦਾ ਚੀਫ ਵ੍ਹਿਪ ਐਲਾਨਿਆ ਗਿਆ ਹੋਵੇ ਅਤੇ ਵਿਧਾਨ ਸਭਾ ਦੇ ਸਪੀਕਰ ਵੱਲੋਂ ਮਾਨਤਾ ਦਿੱਤੀ ਗਈ ਹੋਵੇ; ਅਤੇ

(ਸੀ) "ਸਪੀਕਰ" ਤੋਂ ਭਾਵ ਹੈ ਪੰਜਾਬ ਵਿਧਾਨ ਸਭਾ ਦਾ ਸਪੀਕਰ।

ਤਨਖਾਹ, ਵਾਧੂ ਭੱਤਾ ਅਤੇ ਮੁਆਵਜ਼ਾ ਭੱਤਾ।

3. ਚੀਫ ਵ੍ਹਿਪ ਨੂੰ ਤਨਖਾਹ, ਵਾਧੂ ਭੱਤਾ ਅਤੇ ਮੁਆਵਜਾ ਭੱਤਾ ਦਿੱਤਾ ਜਾਵੇਗਾ ਜਿਵੇਂ ਕਿ ਇੱਕ ਮੰਤਰੀ ਨੂੰ ਈਸਟ ਪੰਜਾਬ ਮਨਿਸਟਰਜ਼ ਸੈਲਰੀਜ਼ ਐਕਟ, 1947 ਦੇ ਸੈਕਸ਼ਨ 2 ਦੇ ਸਬ ਸੈਕਸ਼ਨ (1) ਦੇ ਕਲਾਜ਼ (ਬੀ) ਅਧੀਨ ਦਿੱਤਾ ਜਾਂਦਾ ਹੈ।

ਸਟੇਟ ਹੈਡਕੁਆਰਟਰ ਵਿਖੇ ਕਿਰਾਇਆ ਮੁਕਤ ਸਰਕਾਰੀ ਮਕਾਨ ਜਾਂ ਮਕਾਨ ਕਿਰਾਇਆ ਭੱਤਾ ਅਤੇ ਹੋਰ ਭੱਤੇ

4. ਚੀਫ ਵ੍ਹਿਪ ਨੂੰ ਸਟੇਟ ਹੈਡਕੁਆਰਟਰ ਵਿਖੇ ਕਿਰਾਇਆ ਮੁਕਤ ਸਰਕਾਰੀ ਮਕਾਨ ਜਾਂ ਮਕਾਨ ਕਰਾਇਆ ਭੱਤਾ ਅਤੇ ਹੋਰ ਭੱਤੇ ਮੁਹੱਈਆ ਕਰਵਾਏ ਜਾਣਗੇ, ਜਿਵੇਂ ਕਿ ਇੱਕ ਮੰਤਰੀ ਨੂੰ ਈਸਟ ਪੰਜਾਬ ਮਨਿਸਟਰਜ਼ ਸੈਲਰੀਜ਼ ਐਕਟ, 1947 ਦੇ ਸੈਕਸ਼ਨ 2 ਦੇ ਸਬ ਸੈਕਸ਼ਨਸ (2), (2-ਏ), (2-ਬੀ) ਅਤੇ (2-ਸੀ) ਅਤੇ ਇਸ ਦੇ ਅਧੀਨ ਬਣੇ ਨਿਯਮਾਂ ਰਾਹੀਂ ਦਿੱਤੇ ਜਾਂਦੇ ਹਨ।

# ਉਦੇਸ਼ਾਂ ਅਤੇ ਕਾਰਨਾਂ ਦੀ ਵਿਆਖਿਆ

ਪੰਜਾਬ ਸਰਕਾਰ ਵੱਲੋਂ ਲਏ ਫੈਸਲੇ ਅਨੁਸਾਰ ਪੰਜਾਬ ਵਿਧਾਨ ਸਭਾ ਵਿੱਚ ਬਹੁਮਤ ਵਾਲੀ ਪਾਰਟੀ ਦੇ ਚੀਫ਼ ਵ੍ਹਿਪ ਨੂੰ ਤਨਖਾਹ, ਭੱਤੇ ਅਤੇ ਹੋਰ ਸਹੂਲਤਾਂ ਪ੍ਰਦਾਨ ਕੀਤੀਆਂ ਜਾਣੀਆਂ ਹਨ। ਚੀਫ਼ ਵ੍ਹਿਪ ਕੋਲ ਰਾਜ ਸਰਕਾਰ ਦੇ ਕੈਬਨਿਟ ਮੰਤਰੀ ਦਾ ਦਰਜਾ ਹੋਵੇਗਾ। ਇਸ ਲਈ "ਦਿ ਸੈਲਰੀਜ਼ ਐਂਡ ਅਲਾਉਮਿਜ਼ ਆਫ਼ ਦਾ ਚੀਫ਼ ਵ੍ਹਿਪ ਇੰਨ ਪੰਜਾਬ ਲੈਜਿਸਲੇਟਿਵ ਅਸੈਂਬਲੀ ਐਕਟ, 2023" ਨੂੰ ਲਾਗੂ ਕੀਤਾ ਜਾਣਾ ਹੈ।

2. ਇਸ ਲਈ ਇਹ ਬਿਲ ਹੈ।

ਇੰਦਰਬੀਰ ਸਿੰਘ ਨਿੱਜਰ,
ਸੰਸਦੀ ਮਾਮਲੇ ਮੰਤਰੀ,
ਪੰਜਾਬ।